**ਜ਼ਰੂਰੀ ਨੋਟ:** 2007 ਦੇ ਟੂਰਨਾਮੈਂਟ ਵਿੱਚ ਇੰਗਲੈਂਡ ਤੋਂ ਆਏ ਮੁੱਖ ਮਹਿਮਾਨ ਸ. ਹਰਜਿੰਦਰ ਸਿੰਘ ਧਨੋਆ, ਨੇ ਜੋ ਸਟੇਜ਼ ਤੋਂ 25,000.00 ਕਰੋਨਰ ਦੇਣ ਦਾ ਐਲਾਨ ਕੀਤਾ ਸੀ, ਉਹ 25,000.00 ਕਰੋਨਰ ਸਾਨੂੰ ਅੱਜ ਤੱਕ ਨਹੀਂ ਮਿਲਿਆ। ਸਾਡੇ ਕੁੱਝ ਕਮੇਟੀ ਮੈਂਬਰਾਂ ਨੇ ਧਨੋਆ ਸਾਹਿਬ ਨੂੰ ਸੰਪਰਕ ਕਰਨ ਦੀ ਕੋਸ਼ਿਸ਼ ਵੀ ਕੀਤੀ, ਪਰ ਇਸ ਵਿਚ ਉਹ ਅਸਫਲ ਰਹੇ।

# ਹਿਸਾਬ ਕਿਤਾਬ ਸੰਬੰਧੀ

2005 ਤੋਂ ਲੈਕੇ ਅੱਜ ਤਕ ਅਸੀਂ ਸਾਰੇ ਕਮੇਟੀ ਮੈਂਬਰਾਂ ਨੇ ਇਹੀ ਕੋਸ਼ਿਸ਼ ਕੀਤੀ ਹੈ ਕਿ ਕਲੱਬ ਦੇ ਇੱਕ ਇੱਕ ਪੈਸੇ ਦਾ ਹਿਸਾਬ ਲਿਖਿਆ ਜਾਵੇ ਅਤੇ ਹਿਸਾਬ-ਕਿਤਾਬ ਦੇ ਮਸਲੇ ਵਿੱਚ ਅਸੀਂ ਕਾਮਯਾਬ ਵੀ ਰਹੇ ਹਾਂ। ਅਤੇ ਜੇਕਰ ਕਿਸੇ ਵੀ ਵਿਅਕਤੀ ਨੇ ਹਿਸਾਬ ਬਾਰੇ ਜਾਣਕਾਰੀ ਲੈਣੀ ਹੋਵੇ ਤਾਂ ਉਸਨੂੰ ਅਸੀਂ ਆਸਾਨੀ ਨਾਲ ਸਾਰਾ ਹਿਸਾਬ ਦੇ ਸਕਦੇ ਹਾਂ। ਸਾਡੇ ਕੋਲ ਸ਼ੁਰੂ ਤੋਂ ਲੈਕੇ ਅੱਜ ਤੱਕ ਦੇ ਕੱਲੇ-ਕੱਲੇ ਪੈਸੇ ਦਾ ਹਿਸਾਬ ਲਿਖਿਆ ਪਿਆ ਹੈ।
ਕੁੱਝ ਵੀਰਾਂ ਨੇ ਇਹ ਇਤਰਾਜ਼ ਕੀਤਾ ਹੈ ਕਿ ਟੂਰਨਾਮੈਂਟ ਕਮੇਟੀ ਕਦੇ ਹਿਸਾਬ ਨਹੀਂ ਦਿੰਦੀ। ਇਸ ਕਰਕੇ ਪ੍ਰਬੰਧਕ ਕਮੇਟੀ ਨੇ ਹੁਣ ਫੈਸਲਾ ਕੀਤਾ ਹੈ ਕਿ ਅੱਗੇ ਤੋਂ ਹਰੇਕ ਸਾਲ ਹਿਸਾਬ-ਕਿਤਾਬ ਕਲੱਬ ਦੇ ਵੈੱਬ-ਸਾਈਟ ਉੱਪਰ ਲਗਾ ਦਿੱਤਾ ਜਾਇਆ ਕਰੇਗਾ।
ਅਤੇ ਕੁੱਝ ਵੀਰਾਂ ਨੇ ਇਹ ਵੀ ਇਤਰਾਜ਼ ਕੀਤਾ ਹੈ ਕਿ ਟੂਰਨਾਮੈਂਟ ਦੌਰਾਨ ਬਾਹਰੋਂ ਆਈਆਂ ਟੀਮਾਂ ਨੂੰ ਵੱਖਰੀ ਪਾਰਟੀ ਕਿਉਂ ਦਿੱਤੀ ਜਾਂਦੀ ਹੈ।
**ਪਹਿਲਾਂ** ਤਾਂ ਉਹਨਾਂ ਵੀਰਾਂ ਨੂੰ ਇਹ ਦੱਸ ਦੇਈਏ ਕਿ ਜਦੋਂ ਅਸੀਂ ਨੌਰਵੇ ਟੂਰਨਾਮੈਂਟ ਤੇ ਜਾਂਦੇ ਹਾਂ ਤਾਂ ਉੱਥੋਂ ਦੀ ਪ੍ਰਬੰਧਕ ਕਮੇਟੀ ਬਾਹਰੋਂ ਆਈਆਂ ਟੀਮਾਂ ਦੀ ਬਹੁਤ ਸੇਵਾ ਕਰਦੀ ਹੈ। ਇਸ ਕਰਕੇ ਸਾਡਾ ਵੀ ਫਰਜ਼ ਬਣਦਾ ਹੈ ਕਿ ਬਾਹਰੋਂ ਆਈਆਂ ਟੀਮਾਂ ਦੀ ਸੋਹਣੇ ਢੰਗ ਨਾਲ ਸੇਵਾ ਕੀਤੀ ਜਾਵੇ ਅਤੇ ਕਿਸੇ ਵੀ ਤਰਾਂ ਦੀ ਕਮੀ ਨਾ ਰਹਿ ਜਾਵੇ।
**ਅਤੇ ਦੂਜਾ** ਉਹਨਾਂ ਵੀਰਾਂ ਨੂੰ ਇਹ ਵੀ ਦੱਸ ਦੇਣਾ ਚਾਹੁੰਦੇ ਹਾਂ ਕਿ ਹਰੇਕ ਸਾਲ ਅਸੀਂ ਕਮੇਟੀ ਮੈਂਬਰ ਘੱਟੋ-ਘੱਟ 1000 ਕਰੋਨਰ(ਹਰੇਕ ਮੈਂਬਰ) ਆਪਣੀ ਜੇਬ ਵਿੱਚੋਂ ਕਲੱਬ ਦੇ ਹਿਸਾਬ ਵਿੱਚ ਪਾਉਂਦੇ ਹਾਂ, ਜੋ ਕਿ ਕੁਲ ਮਿਲਾਕੇ 11000 ਕਰੋਨਰ ਬਣ ਜਾਂਦਾ ਹੈ। ਅਤੇ ਸਾਡੇ ਵਿਚੋਂ ਕੁੱਝ ਵੀਰ ਤਾਂ 2, 3 ਜਾਂ 5000 ਕਰੋਨਰ ਤਕ ਦਾ ਵੀ ਹਿੱਸਾ ਪਾ ਦਿੰਦੇ ਹਨ।

ਕੀ ਇੰਨਾ ਹਿੱਸਾ ਆਪਣੇ ਪੱਲਿਉਂ ਪਾਕੇ ਵੀ ਪ੍ਰਬੰਧਕ ਕਮੇਟੀ ਬਾਹਰੋਂ ਆਈਆਂ ਟੀਮਾਂ ਦੀ ਵਧੀਆ ਢੰਗ ਨਾਲ ਸੇਵਾ ਕਰਨ ਦਾ ਹੱਕ ਨਹੀਂ ਰੱਖਦੀ ??

ਜੇਕਰ ਅਜੇ ਵੀ ਕਿਸੇ ਨੂੰ ਕੋਈ ਵੀ ਪ੍ਰਕਾਰ ਦਾ ਸ਼ੱਕ ਜਾਂ ਇਤਰਾਜ਼ ਹੋਵੇ ਤਾਂ ਅਸੀਂ ਸਾਰੇ ਕਮੇਟੀ ਮੈਂਬਰ ਆਪ ਜੀ ਨਾਲ ਮੀਟਿੰਗ ਕਰਨ ਲਈ ਤਿਆਰ ਹਾਂ, ਜਿਸ ਵਿਚ ਕਿ ਆਪ ਦੇ ਸਾਰੇ ਸੁਆਲਾਂ ਦੇ ਜਵਾਬ ਦਿੱਤੇ ਜਾ ਸਕਦੇ ਹਾਂ। ਸਾਡੇ 11 ਕਮੇਟੀ ਮੈਂਬਰਾਂ ਵਿੱਚੋਂ ਕਿਸੇ ਵੀ ਇੱਕ ਕਮੇਟੀ ਮੈਂਬਰ ਨੂੰ ਸੰਪਰਕ ਕਰਕੇ ਮੀਟਿੰਗ ਬੁਲਾਈ ਜਾ ਸਕਦੀ ਹੈ।

# ਇੰਡੀਅਨ ਸਪੋਰਟਸ ਕਲੱਬ, ਡੈਨਮਾਰਕ

ਹਿਸਾਬ-ਕਿਤਾਬ *(accounting)* 2008

| | | |
|---|---|---|
| ਇਕੱਤਰ ਕੀਤੀ ਮਾਇਆ *(78998 + 11000(committe members) = 89998)* | | 89998 |
| ਖਰਚਾ | *purchase cost* | 74931 |
| ਬਕਾਇਆ | *balance* | 15067 |
| | | |
| ਖਰਚਿਆਂ ਬਾਰੇ ਜਾਣਕਾਰੀ *(detaljer)* | | |
| ਸੁਰੱਖਿਆ ਪ੍ਰਬੰਧ | *vagter* | 5162.5 |
| ਨੌਰਵੇ ਟੂਰਨਾਮੈਂਟ | *trip to Norway* | 9800 |
| ਇਨਾਮਾਂ ਦਾ ਖਰਚਾ | *prizes* | 14500 |
| ਗਰਾਊਂਡ ਦਾ ਖਰਚਾ | *charges for ground etc.* | 3000 |
| ਡਾਕ ਦਾ ਖਰਚਾ | *post* | 1500 |
| ਨਕਦ ਇਨਾਮਾਂ ਦਾ ਖਰਚਾ | *cash Prizes* | 15700 |
| ਟੂਰਨਾਮੈਂਟ ਦੇ ਦੋਨੋਂ ਦਿਨਾਂ ਦਾ ਖਰਚਾ | *Tournament both days* | 15000 |
| ਖੇਡਾਂ ਦਾ ਸਮਾਨ ਅਤਿਆਦਿ ਹੋਰ ਖਰਚੇ | *Sports accesories & extra costs* | 10268.5 |
| | | |
| | Total | 74931 |